# ਟੈਂਡਰ ਨੋਟਿਸ

No 2634
Dated 20-10-2023

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਭਾਈ ਕਾਨ੍ਹ ਸਿੰਘ ਨਾਭਾ ਲਾਇਬ੍ਰੇਰੀ, ਪ੍ਰੀਖਿਆ ਸ਼ਾਖਾ ਦੇ ਸਾਹਮਣੇ ਜੂਸ ਬਾਰ ਦੇ ਵਿਚਕਾਰ **12'X12'** ਬੂਥ ਚਾਹ ਪਾਣੀ ਦੇ ਕੰਮ ਲਈ ਅਲਾਟ ਕੀਤਾ ਜਾਣਾ ਹੈ। ਇਸ ਸਬੰਧ ਵਿੱਚ ਸੀਲ ਬੰਦ ਟੈਂਡਰਾਂ ਦੀ ਮੰਗ ਕੀਤੀ ਜਾ ਰਹੀ ਹੈ। ਇੱਛੁਕ ਵਿਅਕਤੀ ਆਪਣੀ ਅਰਜ਼ੀ ਨਾਲ **1,000/-** ਰੁਪਏ ਐਪਲੀਕੇਸ਼ਨ ਫੀਸ ਅਤੇ ਇਸ ਰਕਮ ਦੇ ਨਾਲ ਹੀ **18%** ਜੀ.ਐਸ.ਟੀ ਵਜੋਂ ਬੈਂਕ ਡਰਾਫਟ, ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਨਾਮ ਤੇ ਅਲੱਗ ਤੋਂ ਭੇਜਣਾ ਹੋਵੇਗਾ। ਟੈਂਡਰ ਮਿਤੀ **06.11.2023** ਸ਼ਾਮ **4.00** ਵਜੇ ਤੱਕ ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਦਫਤਰ ਵਿਖੇ ਪਹੁੰਚ ਜਾਣੇ ਚਾਹੀਦੇ ਹਨ। ਟੈਂਡਰ ਸਬੰਧੀ ਬਾਕੀ ਦੀਆਂ ਵਿਸਥਾਰਪੂਰਵਕ ਸ਼ਰਤਾਂ ਯੂਨੀਵਰਸਿਟੀ ਦੀ ਵੈਬ-ਸਾਈਟ **www.punjabiuniversity.ac.in** ਤੇ ਵੇਖੀਆਂ ਜਾ ਸਕਦੀਆਂ ਹਨ।

Navjot Kaur
20.10.23
ਰਜਿਸਟਰਾਰ

No. 2635
Dated. 20-10-2023

## ਯੂਨੀਵਰਸਿਟੀ ਵਿਖੇ ਬੂਥ ਟੈਂਡਰ ਰਾਹੀਂ ਅਲਾਟ ਕਰਨ ਸਬੰਧੀ ਸ਼ਰਤਾਂ :-

ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਚਾਹ ਪਾਣੀ ਦੇ ਕੰਮ ਲਈ ਬੂਥ ਅਲਾਟਮੈਂਟ ਕਰਨ ਸਬੰਧੀ ਟੈਂਡਰ ਮੰਗੇ ਜਾ ਰਹੇ ਹਨ। ਇਸ ਬੂਥ ਦੇ ਰਾਖਵੇਂ ਕਿਰਾਏ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰਬਰ | ਬੂਥ ਦੇ ਰਾਖਵੇਂ ਕਿਰਾਏ ਦਾ ਵੇਰਵਾ |
|---|---|
| 1. | **10,000/- (ਦੱਸ ਹਜਾਰ ਰੁਪਏ)** |

ਕਮੇਟੀ ਵਲੋਂ ਇਸ ਬੂਥ ਦੀ ਅਲਾਟਮੈਂਟ ਕਰਨ ਲਈ ਸ਼ਰਤਾਂ ਤਹਿ ਕੀਤੀਆਂ ਗਈਆਂ ਹਨ ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

**1.** ਟੈਂਡਰਕਰਤਾ ਇਸ ਰਾਸ਼ੀ ਤੋਂ ਵੱਧ ਦੀ ਕੀਮਤ ਦੇ ਟੈਂਡਰ ਭਰ ਕੇ ਭੇਜਣਗੇ। ਇਸ ਰਾਸ਼ੀ ਤੋਂ ਘੱਟ ਕੀਮਤ ਦੇ ਟੈਂਡਰ ਸਵੀਕਾਰ ਨਹੀਂ ਕੀਤੇ ਜਾਣਗੇ।

**2.** ਟੈਂਡਰ ਅਪਲਾਈ ਕਰਨ ਵਾਲੇ ਵਿਅਕਤੀ ਨੂੰ **1,20,000/-** ਰੁਪਏ (ਇੱਕ ਲੱਖ ਵੀਹ ਹਜਾਰ ਰੁਪਏ) ਦਾ ਬੈਂਕ ਡਰਾਫਟ ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਨਾਮ ਤੇ ਭੇਜਣਾ ਹੋਵੇਗਾ। ਟੈਂਡਰ ਭਰਨ ਵਾਲੀ ਪਾਰਟੀ ਤੋਂ **1,000/-** ਰੁਪਏ ਦੀ ਐਪਲੀਕੇਸ਼ਨ ਫੀਸ ਅਤੇ ਇਸ ਰਕਮ ਦੇ ਨਾਲ ਹੀ **18%** ਜੀ.ਐਸ.ਟੀ ਵਜੋਂ ਬੈਂਕ ਡਰਾਫਟ ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਨਾਮ ਦੇ ਅਲਗ ਤੋਂ ਭੇਜਣਾ ਹੋਵੇਗਾ।

**3.** ਜਿਸ ਵਿਅਕਤੀ ਦਾ ਟੈਂਡਰ ਪਾਸ ਹੋ ਜਾਵੇਗਾ, ਉਸ ਵੱਲੋਂ ਜਮ੍ਹਾਂ ਕਰਵਾਈ ਗਈ **1,20,000/-** ਰੁਪਏ ਦੀ ਰਾਸ਼ੀ ਸਕਿਓਰਟੀ ਵਿੱਚ ਤਬਦੀਲ ਹੋ ਜਾਵੇਗੀ ਅਤੇ ਬਾਕੀਆਂ ਦੀ ਰਾਸ਼ੀ ਵਾਪਸ ਕਰ ਦਿੱਤੀ ਜਾਵੇਗੀ। ਜਿਹੜਾ ਟੈਂਡਰਕਰਤਾ ਇਕਰਾਰਨਾਮੇ ਦੇ ਸਮੇਂ ਦੇ ਵਿਚਕਾਰ ਹੀ ਬੂਥ ਛੱਡ ਕੇ ਜਾਵੇਗਾ। ਉਸ ਦੀ ਸਕਿਓਰਟੀ ਜਬਤ ਕਰ ਲਈ ਜਾਵੇਗੀ।

**4.** ਬੂਥ ਤਿੰਨ ਸਾਲ ਦੇ ਸਮੇਂ ਲਈ ਅਲਾਟ ਕੀਤਾ ਜਾਵੇਗਾ। ਤਹਿਸ਼ੁਦਾ ਲਾਇਸੈਂਸ ਮਨੀ ਵਿੱਚ ਹਰ ਸਾਲ **10%** ਦਾ ਵਾਧਾ ਕੀਤਾ ਜਾਵੇਗਾ ਅਤੇ ਇਸ ਸਬੰਧੀ ਟੈਂਡਰਕਰਤਾ ਨੂੰ ਵਿੱਧੀ ਬੱਧ ਢੰਗ ਨਾਲ ਯੂਨੀਵਰਸਿਟੀ ਨਾਲ ਇਕਰਾਰਨਾਮਾ ਕਰਨਾ ਹੋਵੇਗਾ।

**5.** ਬੂਥ ਦੀ ਅਲਾਟਮੈਂਟ ਸਮੇਂ ਉਸ ਵਿਅਕਤੀ ਤੋਂ ਲਾਇਸੈਂਸ ਮਨੀ ਦੇ **36** ਐਂਡਵਾਸ ਪੋਸਟ ਡੇਟਿਡ ਚੈੱਕ ਜਮ੍ਹਾਂ ਕਰਵਾਏ ਜਾਣਗੇ। ਇਸ ਤੋਂ ਇਲਾਵਾ **18%** ਜੀ.ਐਸ.ਟੀ ਦੇ ਚੈੱਕ ਅਲੱਗ ਤੋਂ ਜਮ੍ਹਾਂ ਕਰਵਾਉਣੇ ਹੋਣਗੇ।

**6.** ਬਿਜਲੀ ਦਾ ਪੂਰਾ ਬਿਲ ਕਮਰਸ਼ੀਅਲ ਰੇਟ ਤੇ ਅਲਾਟੀ ਵੱਲੋਂ ਅਦਾ ਕੀਤਾ ਜਾਵੇਗਾ। ਪਾਣੀ ਦੀ ਵੱਧ ਤੋਂ ਵੱਧ ਖਪਤ ਲਈ ਉਸ ਵੱਲੋਂ **500/-** ਰੁਪਏ ਪ੍ਰਤੀ ਮਹੀਨਾ ਵੱਖਰੇ ਤੌਰ ਤੇ ਲਿਆ ਜਾਵੇਗਾ।

**7.** ਅਲਾਟੀ ਸਮਰੱਥ ਅਧਿਕਾਰੀਆਂ ਦੀ ਆਗਿਆ ਤੋਂ ਬਿਨ੍ਹਾਂ ਬੂਥ ਵਿੱਚ ਕੋਈ ਅਦਲਾ-ਬਦਲੀ ਨਹੀਂ ਕਰ ਸਕਦਾ।

**8.** ਅਲਾਟੀ ਵੱਲੋਂ ਬੂਥ ਵਿੱਚ ਸਿਰਫ ਉਹ ਹੀ ਖਾਣ-ਪੀਣ ਵਾਲੀਆਂ ਵਸਤੂਆਂ ਵੇਚੀਆਂ ਜਾਣਗੀਆਂ ਜੋ ਯੂਨੀਵਰਸਿਟੀ ਵੱਲੋਂ **Approved List** ਵਿੱਚ ਸ਼ਾਮਿਲ ਹੋਣਗੀਆਂ ਅਤੇ ਜਿਨ੍ਹਾਂ ਦੇ ਰੇਟ ਯੂਨੀਵਰਸਿਟੀ ਵੱਲੋਂ ਨਿਰਧਾਰਿਤ ਕੀਤੇ ਜਾਣਗੇ।

**9.** ਅਲਾਟੀ ਵੱਲੋਂ ਵੇਚੇ ਜਾਣ ਵਾਲੇ ਸਮਾਨ ਦੀ ਬੂਥ ਦੇ ਬਾਹਰ ਰੇਟ ਲਿਸਟ **Display** ਕਰਨੀ ਜਰੂਰੀ ਹੋਵੇਗੀ।

**10.** ਅਲਾਟੀ ਨੂੰ ਬੂਥ ਵਿੱਚ ਸਫਾਈ ਦਾ ਵਿਸ਼ੇਸ਼ ਧਿਆਨ ਰੱਖਣਾ ਹੋਵੇਗਾ। ਜੇਕਰ ਉਹ ਫਿਰ ਵੀ ਸਫਾਈ ਨਹੀਂ ਰੱਖਦਾ ਤਾਂ ਉਸ ਨੂੰ ਪੈਨਲਟੀ ਲਗਾਈ ਜਾ ਸਕੇਗੀ ਅਤੇ ਉਸ ਨਾਲ ਕੀਤਾ ਇਕਰਾਰਨਾਮਾ ਕੈਂਸਲ ਵੀ ਕੀਤਾ ਜਾ ਸਕਦਾ ਹੈ।

**11.** ਅਲਾਟੀ ਨੂੰ ਬੂਥ ਵਿਖੇ ਖਾਣ-ਪੀਣ ਦੀਆਂ ਸਾਫ-ਸੁਥਰੀਆਂ ਅਤੇ ਵਧੀਆਂ **(Branded)** ਕੁਆਲਟੀ ਦੀਆਂ ਵਸਤੂਆਂ ਉਪਲਬੱਧ ਕਰਵਾਉਣੀਆਂ ਹੋਣਗੀਆਂ।ਖਾਣ-ਪੀਣ ਦੀਆਂ ਵਸਤੂਆਂ ਦੀ ਚੈਕਿੰਗ ਯੂਨੀਵਰਸਿਟੀ ਅਧਿਕਾਰੀਆਂ ਵੱਲੋਂ ਕਦੇ ਵੀ ਕੀਤੀ ਜਾ ਸਕਦੀ ਹੈ।

**12.** ਅਲਾਟੀ ਵੱਲੋਂ ਬੂਥ ਵਿੱਚ ਪੀਣ ਲਈ ਸਿਰਫ **R.O.** ਦਾ ਪਾਣੀ ਹੀ ਵਰਤਣਾ ਹੋਵੇਗਾ। ਜਿਸ ਲਈ **R.O.** ਦਾ ਪ੍ਰਬੰਧ ਉਹ ਆਪਣੇ ਪੱਧਰ ਤੇ ਕਰੇਗਾ।

**13.** ਜੇਕਰ ਬੂਥ ਸਬੰਧੀ ਕੋਈ **Dispute** ਹੁੰਦਾ ਹੈ ਤਾਂ ਉਸ ਨੂੰ ਨਿਬੇੜਨ ਲਈ ਸਮਰੱਥ ਅਧਿਕਾਰੀ ਵਾਈਸ-ਚਾਂਸਲਰ ਸਾਹਿਬ ਹੋਣਗੇ ਅਤੇ ਜੇਕਰ ਕੋਈ ਕੋਰਟ ਕੇਸ ਲਈ ਜਾਂਦਾ ਉਸ ਦੀ ਜਿਓਰਿਜ਼ਡਿਕਸ਼ਨ **(Jurisdiction)** ਪਟਿਆਲਾ ਹੋਵੇਗੀ।

**14.** ਅਲਾਟੀ ਬੂਥ ਅੱਗੋਂ ਕਿਸੇ ਹੋਰ ਨੂੰ ਸਬਲੈਟ ਨਹੀਂ ਕਰੇਗਾ। ਜੇਕਰ ਅਲਾਟੀ **02** ਮਹੀਨੇ ਲਾਇਸੈਂਸ ਮਨੀ ਅਦਾ ਨਹੀਂ ਕਰਦਾ ਤਾਂ ਬੂਥ ਵਿੱਚ ਚੱਲ ਰਹੀ ਬਿਜਲੀ, ਪਾਣੀ ਆਦਿ ਬੰਦ ਕਰਨ ਦਾ ਅਧਿਕਾਰ ਯੂਨੀਵਰਸਿਟੀ ਕੋਲ ਰਾਖਵਾਂ ਹੋਵੇਗਾ।

Navjot
20.10.23
ਰਜਿਸਟਰਾਰ